# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਮਾਨਸਾ

ਵੱਲ:

ਸਮੂਹ ਸਕੂਲ ਮੁੱਖੀ,
ਮਿਡਲ/ਹਾਈ/ ਸੀਨੀ. ਸੈਕੰਡਰੀ ਸਕੂਲ,
ਜਿਲ੍ਹਾ ਮਾਨਸਾ।

ਪੱਤਰ ਨੰ. ਲੇ-4/ ਵਜੀਫਾ/ਖਾਤਾ ਨੰ./2021-22/2021154827
ਮਿਤੀ ਮਾਨਸਾ : 05.05.2021

**ਵਿਸ਼ਾ :-** **ਈ.ਪੰਜਾਬ ਪੋਰਟਲ ਤੇ ਛੇਵੀਂ ਤੋਂ ਬਾਰਵੀਂ ਦੀਆਂ ਜਮਾਤਾਂ ਦੇ ਖਾਤੇ ਅਤੇ ਆਈ.ਐਫ.ਐਸ.ਸੀ ਅਪਡੇਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਲ੍ਹਾ ਮਾਨਸਾ ਦੇ ਸਾਰੇ ਮਿਡਲ/ਹਾਈ/ਸੀਨੀਅਰ ਸੈਕੰਡਰੀ/ਮਾਡਲ ਸੀਨੀ. ਸੈਕੰ. ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਈ.ਪੰਜਾਬ ਪੋਰਟਲ ਤੇ ਆਪਣੇ ਆਪਣੇ ਸਕੂਲ ਦੇ ਬੱਚਿਆਂ ਦੇ ਖਾਤਾ ਨੰ. ਅਤੇ ਆਈ.ਐਫ.ਐਸ.ਸੀ ਅਪਡੇਟ ਮਿਤੀ 08.05.2021 ਤੱਕ ਕਰਨਗੇ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਈ.ਪੰਜਾਬ ਪੋਰਟਲ ਤੋਂ ਹੀ ਬੱਚਿਆਂ ਦਾ ਖਾਤਾ ਲੈ ਕੇ ਉਸ ਵਿੱਚ ਹੀ ਸਿੱਧੇ ਤੌਰ ਤੇ ਆਈ.ਐਫ.ਐਮ.ਐਸ. ਰਾਹੀਂ ਪੇਮੈਂਟ ਕੀਤੀ ਜਾਂਦੀ ਹੈ। ਦੱਸਣਯੋਗ ਹੈ ਕਿ ਪਿਛਲੇ ਕੁਝ ਸਮੇਂ ਵਿੱਚ ਬਹੁਤ ਬੈਂਕਾਂ ਇੱਕ ਦੂਜੇ ਵਿੱਚ ਮਰਜ ਹੋ ਚੁੱਕੀਆਂ ਹਨ, ਜਿਸ ਨਾਲ ਉਹਨਾਂ ਦੇ ਆਈ.ਐਫ.ਐਸ.ਸੀ ਬਦਲ ਚੁੱਕੇ ਹਨ, ਪ੍ਰੰਤੂ ਹਾਲੇ ਵੀ ਬਹੁਤੇ ਸਕੂਲ ਉਹਨਾਂ ਪੁਰਾਣੇ ਆਈ.ਐਫ.ਐਸ.ਸੀ ਨੂੰ ਹੀ ਵਾਰ ਵਾਰ ਇਸ ਦਫਤਰ ਨੂੰ ਅਪਡੇਟ ਕਰਕੇ ਭੇਜ ਰਹੇ ਹਨ, ਜਦੋਂਕਿ ਇਹ ਬਿਲਕੁਲ ਗਲਤ ਹੈ। ਜਿਸ ਨਾਲ ਬੱਚਿਆਂ ਦੇ ਗਲਤ ਆਈ.ਐਫ.ਐਸ.ਸੀ ਅਪਡੇਟ ਹੋਣ ਕਾਰਨ ਵਾਰ ਵਾਰ ਵਜੀਫਾ ਰਿਜੈਕਟ ਹੋ ਜਾਂਦਾ ਹੈ। ਜਿਸ ਨਾਲ ਇਸ ਦਫਤਰ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਬੈਂਕਾਂ ਨਾਲ ਸੰਪਰਕ ਕਰਕੇ ਬੱਚਿਆਂ ਦੇ ਖਾਤੇ ਅਤੇ ਨਵੇਂ ਆਈ.ਐਫ.ਐਸ.ਸੀ ਅਪਡੇਟ ਕਰਕੇ ਇਸ ਦਫਤਰ ਨੂੰ ਰਿਪੋਰਟ ਕੀਤੀ ਜਾਵੇ। ਅਣਗਹਿਲੀ ਦੀ ਜਿੰਮੇਵਾਰੀ ਸਕੂਲ ਮੁੱਖੀ/ ਵਜੀਫਾ ਨੋਡਲ ਅਤੇ ਜਮਾਤ ਇੰਚਾਰਜ ਦੀ ਹੋਵੇਗੀ।

ਦਸਤਖਤ 05/05/21

ਜਿਲ੍ਹਾ ਵਜੀਫਾ ਨੋਡਲ ਅਫ਼ਸਰ-ਕਮ-
ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ),ਮਾਨਸਾ।